# ਤਖਤ ਸਾਹਿਬਾਨ ਦੇ ਪ੍ਰਬੰਧ ਬਾਰੇ ਸੁਝਾਅ

## ( ਕਾਰਜਖੇਤਰ , ਬਣਤਰ , ਪਾਤਰਤਾ )


**੧ ਆਰੰਭਕ ਸ਼ਬਦ** ੨

ਸਿਰੀ ਅਕਾਲ ਤਖਤ ਸਾਹਿਬ ਸਮੇਤ ਗੁਰੂ ਖਾਲਸਾ ਪੰਥ ਦੇ ਸਮੂਹ ਤਖਤ ਸਾਹਿਬਾਨ ਕਿਸੇ ਦੁਨਿਆਵੀ ਤਾਕਤ ਜਾਂ ਕਾਨੂੰਨ ਦੇ ਅਧੀਨ ਨਹੀਂ ਹੈ । ਅਸੀਂ ਸੁਧਾਰਵਾਦੀ ਕਦਮਾਂ ਦੇ ਜ਼ਰੀਏ ਮਸਲੇ ਸੁਲਝਾਉਣ ਦਾ ਸਮਾਂ ਬਹੁਤ ਪਹਿਲੇ ਹੀ ਗਵਾ ਚੁੱਕੇ ਹਾਂ ਅਤੇ ਅਜੋਕਾ ਸਮਾਂ ਵਿਅਕਤੀਗਤ ਸੁਧਾਰਾਂ ਦਾ ਨਹੀਂ ਸਗੋਂ ਢਾਂਚਾਗਤ ਤਬਦੀਲੀਆਂ ਲਿਆਉਣ ਦਾ ਹੈ ।

**੨ ਸੁਝਾਅ ਗੁਰੂ ਖਾਲਸਾ ਪੰਥ ਦੇ ਸਨਮੁਖ** ੩

ਇਨ੍ਹਾਂ ਸੁਝਾਵਾਂ ਨੂੰ ਸ਼੍ਰੋਮਣੀ ਕਮੇਟੀ ਨੂੰ ਸਿੱਧੇ ਅਤੇ ਨਿੱਜੀ ਤੌਰ ਉਤੇ ਦੇਣ ਦੀ ਬਜਾਏ ਗੁਰੂ ਖਾਲਸਾ ਪੰਥ ਅਤੇ ਗੁਰੂ ਕੀ ਸੰਗਤ ਦੀ ਕਚਹਿਰੀ 'ਚ ਜਨਤਕ ਤੌਰ ਉਤੇ ਕਿਉ ਰੱਖ ਰਹੇ ਹਾਂ ।

**੩ ਸਿਰੀ ਅਕਾਲ ਤਖਤ ਸਾਹਿਬ ਸਮੇਤ ਸਮੂਹ ਤਖਤ ਸਾਹਿਬਾਨਾਂ ਦਾ ਕਾਰਜ-ਖੇਤਰ** ੪

ਤਖਤ ਸਾਹਿਬਾਨਾਂ ਦੀ ਸੇਵਾ ਸੰਭਾਲ ਨੂੰ ਸੁਤੰਤਰ ਤੇ ਸੰਸਾਰ ਪੱਧਰੀ ਗੁਰ ਸੰਗਤਿ ਦੀ ਸ਼ਮੂਲੀਅਤ ਵਾਲਾ ਬਣਾਉਣ ਲਈ ਸਿਰੀ ਅਕਾਲ ਤਖਤ ਸਾਹਿਬ ਦੇ ਕਾਰਜਖੇਤਰ ਦੀ ਖਾਲਸਾਈ ਰਵਾਇਤ ਅਤੇ ਭਵਿੱਖਤ ਸਮਿਆਂ ਨੂੰ ਮੁੱਖ ਰੱਖਦੇ ਹੋਏ ਨਿਸ਼ਾਨਦੇਹੀ ਕੀਤੀ ਗਈ ਹੈ ।

**੪ ਤਖਤ ਸਾਹਿਬਾਨਾਂ ਦੀ ਸੇਵਾ ਸੰਭਾਲ ਦੀ ਬਣਤਰ** ੫

ਖਾਲਸਾ ਜੀਉ ਦੀ ਪਰੰਪਰਾ ਤੋਂ ਸੇਧ ਲੈਂਦਿਆਂ ਮੌਜੂਦਾ ਪ੍ਰਬੰਧ ਵਿੱਚ ਢਾਂਚਾਗਤ ਬਦਲਾਅ ਲਿਆਉਣੇ ਜ਼ਰੂਰੀ ਹਨ। ਦੁਨੀਆ ਭਰ ਵਿੱਚ ਫੈਲੀ ਗੁਰੂ ਕੀ ਸੰਗਤ ਦੀ ਸਮਾਜਕ , ਧਾਰਮਕ , ਰਾਜਨੀਤਕ ਬਣਤਰ ਨੂੰ ਮੁੱਖ ਰੱਖਦੇ ਹੋਏ ਇਤਿਹਾਸਕ ਸੇਧਾਂ ਦੀ ਰੌਸ਼ਨੀ 'ਚ ਸਿਰੀ ਅਕਾਲ ਤਖਤ ਸਾਹਿਬ ਅਤੇ ਸਮੂਹ ਤਖਤ ਸਾਹਿਬਾਨਾਂ ਦੀ ਸੇਵਾ ਸੰਭਾਲ ਅਤੇ ਫੈਸਲੇ ਲੈਣ ਦੀ ਬਣਤਰ ਲਈ ਸੁਝਾਅ ਦਿੱਤੇ ਗਏ ਹਨ ।

**੫ ਸਰਬੱਤ ਖਾਲਸਾ 'ਚ ਸ਼ਮੂਲੀਅਤ ਕਰਨ ਲਈ ਪਾਤਰਤਾ** ੮

ਸਿਰੀ ਅਕਾਲ ਤਖਤ ਸਾਹਿਬ ਸੇਵਾ ਸੰਭਾਲ ਜਥੇ ਲਈ ਪਾਤਰਤਾ ਅਤੇ ਸਰਬੱਤ ਖਾਲਸਾ ਵਿੱਚ ਸ਼ਮੂਲੀਅਤ ਕਰਨ ਲਈ ਜਥੇਬੰਦੀਆਂ ਅਤੇ ਸ਼ਖ਼ਸੀਅਤਾਂ ਦੀ ਪਾਤਰਤਾ ਦਾ ਵਿਸਥਾਰ ਕਰਨ ਲਈ ਮਹੱਤਵਪੂਰਨ ਨੁਕਤੇ ਸੁਝਾਏ ਗਏ ਹਨ ।

**੬ ਮੌਜੂਦਾ ਸਮੇਂ 'ਚ ਜਥੇ ਦੀ ਕਾਇਮੀ ਅਤੇ ਨਿਰਬਾਹ** ੯

ਤਖਤ ਸਾਹਿਬਾਨ ਦੀ ਸੇਵਾ ਸੰਭਾਲ ਲਈ ਸਥਾਈ ਜਥੇ ਅਤੇ ਢਾਂਚੇ ਦੀ ਹੋਂਦ ਨੂੰ ਅਮਲੀ ਜਾਮਾ ਪਹਿਨਾਉਣ ਲਈ ਮੁੱਢਲੇ ਕਦਮਾਂ ਦੇ ਤੌਰ ਉੱਤੇ , ਨਿਸ਼ਕਾਮ ਅਤੇ ਪੰਥ ਪ੍ਰਸਤ ਸ਼ਖਸੀਅਤਾਂ ਦੇ ਇੱਕ ਆਰਜੀ ਤਾਲਮੇਲ ਜਥੇ ਦੁਆਰਾ ਖਾਲਸਾ ਪੰਥ ਦੇ ਜਥਿਆਂ ਅਤੇ ਗੁਰ ਸੰਗਤ ਦੇ ਪ੍ਰਤੀਨਿਧੀਆਂ ਨਾਲ ਸੰਵਾਦ ਚਲਾਉਣ ਦੀ ਲੋੜ ਹੈ ।

**ਅੰਤਿਕਾ: ਮੌਜੂਦਾ ਪ੍ਰਬੰਧ ਅਤੇ ਸੁਝਾਏ ਗਏ ਭਵਿੱਖਤ ਪ੍ਰਬੰਧ ਵਿੱਚ ਅੰਤਰ (ਸਾਰ ਰੂਪ ਚ)** ੧੦



ਜਾਰੀ ਕਰਤਾ : **ਪੰਥ ਸੇਵਕ ਜਥਾ ਦੋਆਬਾ**

( ੨ ਹਾੜ, ਸੰਮਤ ੫੫੭ ਨਾਨਕਸ਼ਾਹੀ ਨੂੰ ਸਿਰੀ ਅਕਾਲ ਤਖਤ ਸਾਹਿਬ ਦੇ ਸਥਾਪਨਾ ਦਿਹਾੜੇ ਦੇ ਅਵਸਰ ਤੇ ਜਾਰੀ ਕੀਤਾ ਗਿਆ )

+੯੧ - ੮੪੨੭੧ ੦੧੬੯੯

srianandpur1699@gmail.com

# ।।ਅਕਾਲ ਸਹਾਇ।।


## ੧. ਆਰੰਭਕ ਸ਼ਬਦ

ਸਿਰੀ ਅਕਾਲ ਤਖ਼ਤ ਸਾਹਿਬ ਦੀ ਸਿਰਜਣਾ ਮੀਰੀ ਪੀਰੀ ਦੇ ਮਾਲਕ ਛੇਵੇਂ ਪਾਤਿਸ਼ਾਹ ਜੀ ਵੱਲੋਂ ਆਪ ਕੀਤੀ ਗਈ ਹੈ। ਇਹ ਸਿਰਮੌਰ ਅਤੇ ਸੁਤੰਤਰ ਸੰਸਥਾ ਹੈ। ਇਹ ਗੁਰੂ ਖਾਲਸਾ ਪੰਥ ਦੀ ਪ੍ਰਭੂਸੱਤਾ ਤੇ ਸਰਵ ਵਿਆਪਕਤਾ ਦਾ ਪ੍ਰਤੀਕ ਹੈ ਅਤੇ ਦੁਨੀਆ ਭਰ ਦੇ ਸਿੱਖਾਂ ਦੀ ਨੁਮਾਇੰਦਗੀ ਕਰਦਾ ਹੈ। ਇਸ ਲਈ ਇਹ ਕਿਸੇ ਦੁਨਿਆਵੀ ਤਾਕਤ ਜਾਂ ਕਾਨੂੰਨ ਦੇ ਅਧੀਨ ਨਹੀਂ ਹੋ ਸਕਦਾ।

ਪਿਛਲੇ ਕੁਝ ਸਮੇਂ ਤੋਂ ਖਾਲਸਾ ਪੰਥ ਦੀ ਸਿਰਮੌਰ ਸੰਸਥਾ ਸਿਰੀ ਅਕਾਲ ਤਖਤ ਸਾਹਿਬ (ਭਾਵ ਸਮੁਚੇ ਰੂਪ ਵਿਚ ਤਖਤ ਸਾਹਿਬਾਨ) ਬਾਰੇ ਲਗਾਤਾਰ ਚਲ ਰਹੇ ਭੰਬਲਭੂਸੇ ਅਤੇ ਰਾਜਨੀਤਕ ਘਟਨਾਕਰਮ ਦੇ ਵਿਚ ਗੁਰ-ਸੰਗਤ ਦੇ ਦਬਾਅ ਹੇਠ ਸ਼ਿਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਜਥੇਦਾਰਾਂ ਦੀ ਨਿਯੁਕਤੀ, ਸੇਵਾ-ਮੁਕਤੀ , ਕਾਰਜਖੇਤਰ ਅਤੇ ਕਾਰਜਸ਼ੈਲੀ ਲਈ ਵਿਧੀ ਵਿਧਾਨ ਬਣਾਉਣ ਲਈ ਪੰਥ ਦੀਆਂ ਜਥੇਬੰਦੀਆਂ ਅਤੇ ਸੰਸਥਾਵਾਂ, ਵਿਦਵਾਨਾਂ ਅਤੇ ਬੁੱਧੀਜੀਵੀਆਂ ਤੋਂ ਸੁਝਾਅ ਮੰਗੇ ਸਨ। ਹਾਲਾਂਕਿ ਇਹ ਅਪੀਲ ਸਵਾਗਤਯੋਗ ਹੈ ਪਰ ਇੱਥੇ ਇਹ ਵੀ ਕਹਿਣਾ ਪਵੇਗਾ ਕਿ ਇਹ ਬਹੁਤ ਜ਼ਿਆਦਾ ਦੇਰ ਨਾਲ ਲਿਆ ਗਿਆ ਬਹੁਤ ਹੀ ਛੋਟਾ ਕਦਮ ਹੈ। ਅਸੀਂ ਸੁਧਾਰਵਾਦੀ ਕਦਮਾਂ ਦੇ ਜ਼ਰੀਏ ਮਸਲੇ ਸੁਲਝਾਉਣ ਦਾ ਸਮਾਂ ਬਹੁਤ ਪਹਿਲੇ ਹੀ ਗਵਾ ਚੁੱਕੇ ਹਾਂ ਅਤੇ ਅਜੋਕਾ ਸਮਾਂ ਵਿਅਕਤੀਗਤ ਸੁਧਾਰਾਂ ਦਾ ਨਹੀਂ ਸਗੋਂ ਢਾਂਚਾਗਤ ਤਬਦੀਲੀਆਂ ਲਿਆਉਣ ਦਾ ਹੈ।

ਸਿਰੀ ਅਕਾਲ ਤਖਤ ਸਾਹਿਬ ਦਾ ਮੌਜੂਦਾ ਕੇਂਦਰੀਕ੍ਰਿਤ ਪਰਬੰਧ ਖਾਲਸਾ ਜੀਉ ਦੀ ਹੰਨੇ-ਹੰਨੇ ਮੀਰੀ ਦੀ ਪਰੰਪਰਾ ਅਨੁਸਾਰ ਨਹੀਂ ਹੈ। ਮੌਜੂਦਾ ਪਰਬੰਧ ਅਨੁਸਾਰ ਅਕਾਲ ਤਖਤ ਸਾਹਿਬ, ਸ਼ਿਰੋਮਣੀ ਗੁਰਦੁਆਰਾ ਪਰਬੰਧਕ ਕਮੇਟੀ ਦੇ ਅਧੀਨ ਹੈ ਜੋ ਅੱਗੇ ਕਿਸੇ ਇੰਡੀਅਨ ਸਿਆਸੀ ਪਾਰਟੀ ਅਧੀਨ ਹੈ। ਇਹ ਵਰਤਮਾਨ ਬਣਤਰ ਹੀ ਸਿਰੀ ਅਕਾਲ ਤਖਤ ਸਾਹਿਬ ਦੀ ਸ਼ਾਖ ਦੀ ਗਿਰਾਵਟ ਦਾ ਮੁਖ ਕਾਰਨ ਹੈ ਕਿਉਂਕਿ ਸਿਆਸੀ ਪਾਰਟੀਆਂ ਅਕਸਰ ਹੀ ਆਪਣੇ ਸੱਤਾ ਨੂੰ ਮਾਨਣ ਦੇ ਲਾਲਚ ਵਿਚ ਸਰਬਤ ਖਾਲਸਾ ਪੰਥ ਦੀ ਸ਼ਮੂਲੀਅਤ ਤੋਂ ਬਿਨਾਂ ਅਤੇ ਬਗੈਰ ਕਿਸੇ ਵਿਧੀ ਵਿਧਾਨ ਦੇ ਆਪਣੀ ਮਨਮਰਜੀ ਦਾ ਫੈਸਲੇ ਲੈਂਦੀਆਂ ਹਨ।

ਬੀਤੇ ਵਿਚ ਬਹੁਤ ਵਧੀਆ ਨਿਜ ਕਿਰਦਾਰ ਵਾਲੀਆਂ ਸਖਸ਼ੀਅਤਾਂ ਵੀ ਸਿਰੀ ਅਕਾਲ ਤਖਤ ਦੇ ਜਥੇਦਾਰ ਦੇ ਤੌਰ ਉਤੇ ਵਿਚਰਦੀਆਂ ਰਹੀਆਂ ਹਨ ਪਰ ਫਿਰ ਵੀ ਸਾਨੂੰ ਜਥੇਦਾਰ ਦੇ ਆਦਰਸ਼ ਰੂਪ ਦੀ ਮਿਸਾਲ ਦੇਣ ਲਈ ੧੯ਵੀਂ ਸਦੀ ਵਿਚ ਵਿਚਰੇ ਅਕਾਲੀ ਬਾਬਾ ਫੂਲਾ ਸਿੰਘ ਜੀ ਦੀ ਦੇਣੀ ਪੈਂਦੀ ਹੈ। **ਅਕਾਲੀ ਬਾਬਾ ਫੂਲਾ ਸਿੰਘ ਜੀ ਦਾ ਇਕ ਮਿਸਾਲੀ ਭੂਮਿਕਾ ਨਿਭਾਅ ਸਕਣ ਦਾ ਕਾਰਨ ਜਿਥੇ ਉਹਨਾ ਦੀ ਉਚੀ ਸਖਸ਼ੀਅਤ ਹੈ ਉਥੇ ਉਸ ਸਮੇ ਪ੍ਰਚਲਤ ਰਹੀ ਖਾਲਸਾ ਪੰਥ ਦੀ ਜਥੇਬੰਦਕ ਜੁਗਤਿ,ਅਗਵਾਈ ਦੀ ਪੰਚ ਪਰਧਾਨੀ ਪ੍ਰਣਾਲੀ, ਅਤੇ ਫੈਸਲਾ ਲੈਣ ਦੀ ਗੁਰਮਤਾ ਜੁਗਤਿ ਸੀ। ਉਪਰੋਕਤ ਜੁਗਤਿ ਅਤੇ ਪਰਣਾਲੀ ਨੂੰ ਅਜੋਕੇ ਹਲਾਤ ਅਨੁਸਾਰ ਪੁਨਰਸੁਰਜੀਤ ਕਰਨਾ ਅੱਜ ਸਭ ਤੋਂ ਅਹਿਮ ਸੁਆਲ ਹੈ।**



## ੨ . ਸੁਝਾਅ ਗੁਰੂ ਖਾਲਸਾ ਪੰਥ ਦੇ ਸਨਮੁਖ

ਇਹਨਾਂ ਹਾਲਾਤਾਂ ਨੂੰ ਮੁੱਖ ਰੱਖਦਿਆਂ, ਅਸੀਂ ਇਹ ਸੁਝਾਅ ਖਾਲਸਾ ਪੰਥ ਅਤੇ ਗੁਰ ਕੀ ਸੰਗਤ ਦੇ ਸਨਮੁਖ ਰੱਖ ਰਹੇ ਹਾਂ। ਇਨ੍ਹਾਂ ਸੁਝਾਵਾਂ ਦਾ ਉਤਾਰਾ ਸ਼੍ਰੋਮਣੀ ਕਮੇਟੀ ਨੂੰ ਵੀ ਭੇਜਿਆ ਜਾਵੇਗਾ ਪਰ ਇਹ ਮੁੱਖ ਰੂਪ ਵਿੱਚ ਗੁਰ ਸੰਗਤ ਅਤੇ ਖਾਲਸਾ ਪੰਥ ਦੇ ਸਨਮੁਖ ਹੀ ਰੱਖੇ ਗਏ ਹਨ । ਇਨ੍ਹਾਂ ਸੁਝਾਵਾਂ ਨੂੰ ਸ਼੍ਰੋਮਣੀ ਕਮੇਟੀ ਨੂੰ ਸਿੱਧੇ ਅਤੇ ਨਿੱਜੀ ਤੌਰ ਉਤੇ ਦੇਣ ਦੀ ਬਜਾਏ ਪੰਥ ਦੀ ਕਚਿਹਰੀ 'ਚ ਜਨਤਕ ਤੌਰ ਉਤੇ ਰੱਖਣ ਦੇ ਹੇਠ ਲਿਖੇ ਕਾਰਣ ਹਨ ਜਿਨ੍ਹਾਂ ਨੂੰ ਆਪਣਾ ਫਰਜ਼ ਸਮਝਦੇ ਹੋਏ ਦੱਸਣਾ ਜ਼ਰੂਰੀ ਸਮਝਦੇ ਹਾਂ : –

**ੳ. ਸ਼੍ਰੋਮਣੀ ਕਮੇਟੀ ਖਾਲਸਾ ਪੰਥ ਦੀ ਨੁਮਾਇੰਦਾ ਜਥੇਬੰਦੀ ਨਹੀਂ -** ਅਜੋਕੇ ਢਾਂਚੇ ਵਿੱਚ ਸ਼੍ਰੋਮਣੀ ਕਮੇਟੀ ਨੇ ਆਪਣੇ ਆਪ ਨੂੰ ਦੁਨੀਆ ਭਰ ਵਿੱਚ ਵਸਦੀ ਗੁਰੂ ਕੀ ਸੰਗਤ ਅਤੇ ਖਾਲਸਾ ਪੰਥ ਦੇ ਨੁਮਾਇੰਦੇ ਦੇ ਤੌਰ ਉਤੇ ਪੇਸ਼ ਕਰਨ ਦਾ ਗਲਤ ਦਾਅਵਾ ਕੀਤਾ ਹੋਇਆ ਹੈ। ਸ਼੍ਰੋਮਣੀ ਕਮੇਟੀ ਦਾ ਕਾਰਜ ਖੇਤਰ ਪੰਜਾਬ ਦੇ ਗੁਰਦੁਆਰਿਆਂ ਦਾ ਪ੍ਰਬੰਧ ਦੇਖਣ ਦਾ ਹੈ । ਇਸ ਕਮੇਟੀ ਦਾ ਰੋਲ ਕਿਸੇ ਵੀ ਤਰ੍ਹਾਂ ਆਲਮੀ ਗੁਰ ਸੰਗਤ ਅਤੇ ਖਾਲਸਾ ਪੰਥ ਦੀ ਧੁਰੇ ਦੇ ਤੌਰ ਉਤੇ ਸਥਾਪਿਤ ਨਹੀਂ ਹੈ , ਇਸ ਲਈ ਪੰਥ ਵਿੱਚ ਇਸ ਚਰਚਾ ਨੂੰ ਅੱਗੇ ਵਧਾਉਣ ਲਈ ਏਹ ਯੋਗ ਜਥੇਬੰਦੀ ਨਹੀਂ ਹੈ।

**ਅ. ਮਸਲਾ ਸਿਰਫ਼ ਜਥੇਦਾਰ ਦੀ ਨਿਯੁਕਤੀ ਦਾ ਨਹੀਂ ਸਗੋਂ ਗੁਰ-ਸੰਗਤ ਦੀ ਸਮੁਚੀ ਜਥੇਬੰਦਕ ਜੁਗਤ ਨੂੰ ਦਰੁਸਤ ਕਰਨ ਦਾ ਹੈ** - ਖਾਲਸਾ ਪੰਥ ਨੂੰ ਦਰਪੇਸ਼ ਚੁਣੌਤੀਆਂ ਅਤੇ ਠੋਸ ਸਮੂਹਿਕ ਫੈਸਲੇ ਲੈ ਸਕਣ ਦੀ ਲਗਾਤਾਰ ਘੱਟ ਰਹੀ ਸਮਰੱਥਾ ਕਾਰਣ ਪੈਦਾ ਹੋਏ ਗੰਭੀਰ ਮਸਲੇ ਸਿਰਫ਼ ਜਥੇਦਾਰ ਦੀ ਨਿਯੁਕਤੀ/ ਸੇਵਾ ਮੁਕਤੀ ਦਾ ਵਿਧੀ ਵਿਧਾਨ ਬਣਾਉਣ ਤਕ ਸੀਮਤ ਨਹੀਂ ਹਨ । ਦੁਨੀਆ ਭਰ ਵਿੱਚ ਵਸਦੀ ਗੁਰੂ ਕੀ ਸੰਗਤ , ਗੁਰੂ ਖਾਲਸਾ ਪੰਥ ਦੇ ਸਮੂਹਿਕ ਫੈਸਲੇ ਲੈਣ ਲਈ ਸਰਬੱਤ ਖਾਲਸਾ ਦੇ ਵਿਧੀ ਵਿਧਾਨ ਅਤੇ ਅਕਾਲ ਤਖਤ ਸਾਹਿਬ ਵਰਗੀ ਮਹਾਨ ਸੰਸਥਾ ਦੇ ਬਹੁਪੱਖੀ ਪਰਸੰਗ ਨੂੰ ਅਖੋਂ ਪਰੋਖੇ ਕਰਕੇ, ਸਿਰਫ਼ ਜਥੇਦਾਰ ਦੀ ਨਿਯੁਕਤੀ ਜਾਂ ਸੇਵਾ ਮੁਕਤੀ ਵਾਸਤੇ ਕੋਈ ਨਿਯਮ ਘੜ ਲੈਣ ਨਾਲ ਮੋਜੂਦਾ ਸੰਕਟ ਦਾ ਹੱਲ ਨਹੀਂ ਕੱਢਿਆ ਜਾ ਸਕਦਾ । ਅਸਲ ਮਸਲਾ ਗੁਰ-ਸੰਗਤ ਦੀ ਸਮੁਚੀ ਜਥੇਬੰਦਕ ਜੁਗਤ ਨੂੰ ਦਰੁਸਤ ਕਰਨ ਦਾ ਹੈ ਜਿਸ ਵਿਚ ਅਕਾਲ ਤਖ਼ਤ ਸਾਹਿਬ ਅਤੇ ਉੱਥੇ ਇਕੱਤਰ ਹੁੰਦਾ ਸਰਬੱਤ ਖਾਲਸਾ ਧੁਰੇ ਚ ਹੈ। ਇਸ ਲਈ ਸਮੁੱਚਤਾ ਵਿੱਚ ਢਾਂਚਾਗਤ ਬਦਲਾਅ ਲਿਆਉਣ ਦੀ ਲੋੜ ਹੈ ਅਤੇ ਸੁਝਾਆਵਾਂ ਤੇ ਚਰਚਾ ਨੂੰ ਵਿਸ਼ਾਲ ਪਰਸੰਗ ਨਾਲ ਜੋੜਨ ਦੀ ਲੋੜ ਹੈ। ਸ਼੍ਰੋਮਣੀ ਕਮੇਟੀ ਵੱਲੋਂ ਕੀਤੀ ਅਪੀਲ ਇਸ ਵਿਸ਼ਾਲ ਪ੍ਰਸੰਗ ਦੇ ਹਾਣ ਦੀ ਨਹੀਂ ਹੈ ।

**ੲ. ਸ਼੍ਰੋਮਣੀ ਕਮੇਟੀ ਦੀ ਸਾਖ਼( ਵਿਸ਼ਵਾਸ਼ਯੋਗਤਾ) ਨੂੰ ਬੁਰੀ ਤਰ੍ਹਾਂ ਢਾਹ ਲੱਗੀ ਹੈ -** ਪਿਛਲੇ ਲੰਮੇ ਸਮੇਂ ਤੋਂ ਇੱਕ ਖਾਸ ਵੋਟ ਰਾਜਨੀਤਕ ਧੜੇ ਦੇ ਹਿਤ ਪੂਰਦਿਆਂ, ਸ਼੍ਰੋਮਣੀ ਕਮੇਟੀ ਨੇ ਨਿਰਪਖਤਾ ਅਤੇ ਪੰਥਕ ਸੰਸਥਾ ਹੋਣ ਦੇ ਨਾਤੇ ਬਣਦੀ ਖੁਦਮੁਖਤਿਆਰੀ ਨਹੀਂ ਰੱਖੀ । ਇਸ ਲਈ ਪਿਛਲੇ ਕਈ ਸਾਲਾਂ ਤੋਂ ਇਸ ਸੰਸਥਾ ਦੀ ਸਾਖ ਲਗਾਤਾਰ ਗਿਰਦੀ ਜਾ ਰਹੀ ਸੀ ਜਿਹੜੀ ਕੇ ਹਾਲ ਹੀ ਵਿੱਚ ਹੋਈਆਂ ਜਨਤਕ ਘੱਟਨਾਵਾਂ ਨੇ ਬਿਲਕੁਲ ਹੀ ਖਤਮ ਕਰ ਦਿੱਤੀ ਹੈ । ਐਸੇ ਹਾਲਾਤਾਂ ਚ ਇਸ ਤਰਾਂ ਸਾਖ ਗਵਾਂ ਚੁੱਕੀ ਕਿਸੇ ਜਥੇਬੰਦੀ ਵੱਲੋਂ ਕੋਈ ਵੀ ਸੁਹਿਰਦ ਚਰਚਾ ਕਰਵਾ ਸਕਣੀ, ਉਸ ਵਿੱਚ ਪੰਥ ਦੇ ਸੁਹਿਰਦ ਹਿੱਸਿਆਂ ਦੀ ਯੋਗ ਸ਼ਮੂਲੀਅਤ ਕਰਵਾ ਸਕਣੀ ਜਾਂ ਚਰਚਾ ਚੋਂ ਕੱਢੇ ਗਏ ਸਿੱਟਿਆਂ ਦੀ ਰਸਾਈ ਕਰਵਾ ਸਕਣੀ ਪੂਰੀ ਤਰ੍ਹਾਂ ਮੁਮਕਿਨ ਨਹੀਂ ਹੈ।

**ਸ. ਸ਼੍ਰੋਮਣੀ ਕਮੇਟੀ ਦੀ ਨਿਰਪੱਖਤਾ ਉਤੇ ਸਵਾਲੀਆ ਚਿਨ੍ਹ -** ਅਜੋਕੇ ਹਾਲਾਤਾਂ ਚ ਇਹ ਗੱਲ ਸਪਸ਼ਟ ਹੈ ਕਿ ਸ਼੍ਰੋਮਣੀ ਕਮੇਟੀ ਉਤੇ ਇੱਕ ਖਾਸ ਧੜੇ ਦਾ ਕਬਜ਼ਾ ਹੈ ਅਤੇ ਇਸ ਲਈ ਇਸ ਕਮੇਟੀ ਦੀ ਨਿਰਪੱਖਤਾ ਉੱਤੇ ਇੱਕ ਵੱਡਾ ਸਵਾਲੀਆ ਚਿਨ੍ਹ ਲੱਗਿਆ ਹੋਇਆ ਹੈ । ਐਸੇ ਹਾਲਾਤਾਂ ਵਿੱਚ ਸ਼੍ਰੋਮਣੀ ਕਮੇਟੀ ਖਾਲਸਾ ਪੰਥ ਦੇ ਹਿੱਤਾਂ ਨੂੰ ਮੁੱਖ ਰੱਖਕੇ ਸੁਝਾਵਾਂ ਦੀ ਪੜਚੋਲ ਕਰਨ ਅਤੇ ਇਸ ਵਿੱਚ ਪੰਥ ਪ੍ਰਸਤ ਸਿੱਟੇ ਕੱਢਣ ਲਈ ਧੜੇਬਾਜ਼ੀ ਤੋਂ ਉੱਪਰ ਉਠ ਕੇ ਨਿਰਪੱਖ ਚਰਚਾ ਕਰਵਾਉਣ ਦੀ ਹਾਲਤ ਵਿੱਚ ਨਹੀਂ ਹੈ।

**ਹ. ਫੈਸਲਾ ਲੈਣ ਦਾ ਤਰੀਕਾ ਪੰਥਕ ਰਵਾਇਤਾਂ ਤੋਂ ਪ੍ਰੇਰਿਤ ਨਹੀਂ -** ਪੰਥ ਤੋਂ ਸੁਝਾਅ ਇਕੱਤਰ ਕਰਨ ਅਤੇ ਉਨ੍ਹਾਂ ਸੁਝਾਵਾਂ ਉਤੇ ਵਿਸ਼ਵਾਸ਼ਯੋਗ, ਪਾਰਦਰਸ਼ੀ, ਨਿਰਪੱਖ ਅਤੇ ਧੜੇ ਦੀ ਬਜਾਏ ਗੁਰੂ ਖਾਲਸਾ ਪੰਥ ਦੇ ਹਿੱਤਾਂ ਨੂੰ ਮੁਖ ਰੱਖ ਕੇ ਫੈਸਲਾ ਲੈਣ ਦਾ ਤਰੀਕਾ ਪੰਥਕ ਰਵਾਇਤ ਅਨੁਸਾਰ ਹੀ ਹੋ ਸਕਦਾ ਹੈ। ਇਸ ਲਈ ਗੁਰੂ ਖਾਲਸਾ ਪੰਥ ਦੀਆਂ ਯੋਗ ਸ਼ਖਸੀਅਤਾਂ ਦੇ ਇੱਕ ਨਿਰਪਖ ਤੇ ਪੰਥਪ੍ਰਸਤ ਜਥੇ ਦੀ ਲੋੜ ਹੈ ਜਿਹੜਾ ਗੁਰਮਤਾ ਪਕਾਉਣ ਦੀ ਤਰਜ਼ ਉਤੇ ਇਸ ਸਾਰੀ ਚਰਚਾ ਦੀ ਕਾਰਵਾਈ ਦੀ ਨਿਗਰਾਨੀ ਕਰ ਸਕਣ ਅਤੇ ਉਸ ਦੁਆਰਾ ਗੁਰੂ ਆਸ਼ੇ ਅਨੁਸਾਰ ਕੋਈ ਸਾਂਝੇ ਫੈਸਲੇ ਲਏ ਜਾ ਸਕਣ ।

ਸਿਰੀ ਅਕਾਲ ਤਖਤ ਸਾਹਿਬ ਅਤੇ ਸਮੂਹ ਤਖਤ ਸਾਹਿਬਾਨਾਂ ਦੀ ਸੇਵਾ ਸੰਭਾਲ ਨੂੰ ਸੁਤੰਤਰ ਤੇ ਖਾਲਸਾ ਪੰਥ ਤੇ ਸੰਸਾਰ ਪੱਧਰੀ ਗੁਰ ਸੰਗਤਿ ਦੀ ਸ਼ਮੂਲੀਅਤ ਵਾਲਾ ਬਣਾਉਣ ਲਈ ਤਜਵੀਜ਼ ਖਾਲਸਾ ਪੰਥ ਅਤੇ ਗੁਰ ਸੰਗਤਿ ਦੇ ਵਿਚਾਰ ਹਿਤ ਪੇਸ਼ ਹੈ।

# ੩. ਸਿਰੀ ਅਕਾਲ ਤਖਤ ਸਾਹਿਬ ਸਮੇਤ ਸਮੂਹ ਤਖਤ ਸਾਹਿਬਾਨਾਂ ਦਾ ਕਾਰਜ-ਖੇਤਰ

**ੳ) ਗੁਰਮਤਿ ਦੇ ਸ਼ੁਧ ਸਰੂਪ ਦਾ ਰੱਖਿਅਕ**: ਸਿਰੀ ਅਕਾਲ ਤਖਤ ਸਾਹਿਬ ਗੁਰੂ ਗਰੰਥ-ਗੁਰੂ ਪੰਥ ਅਤੇ ਗੁਰਮਤਿ ਦੇ ਸ਼ੁਧ ਸਰੂਪ ਦਾ ਰੱਖਿਅਕ, ਇਸਦੇ ਅਦਬ ਸਤਿਕਾਰ ਦਾ ਪਹਿਰੇਦਾਰ ਅਤੇ ਗੁਰਮਤਿ ਦੇ ਪਰਚਾਰ-ਪਰਸਾਰ ਦਾ ਮੁੱਖ ਮੁਦਈ ਹੈ।

**ਅ) ਸਾਂਝੇ ਨੀਤੀਗਤ ਫੈਸਲੇ ਲੈਣ ਹਿਤ ਸਿਰਮੌਰ ਮੰਚ**: ਅਕਾਲ ਤਖਤ ਸਾਹਿਬ ਖਾਲਸਾ ਪੰਥ ਅਤੇ ਗੁਰਸੰਗਤਿ ਨੂੰ ਦਰਪੇਸ਼ ਬਾਹਰੀ ਸਾਂਝੀਆਂ ਚੁਣੌਤੀਆਂ ਅਤੇ ਅੰਦਰੂਨੀ ਮਤਭੇਦਾਂ ਨੂੰ ਦੂਰ ਕਰਨ ਲਈ ਨੀਤੀਗਤ ਸਾਂਝੇ ਫੈਸਲਾ ਲੈਣ ਹਿਤ ਸਿਰਮੌਰ ਮੰਚ ਹੈ। ਇਸਨੂੰ ਰੋਜ਼ਮੱਰਾ ਦੇ ਸਥਾਨਕ ਜਾਂ ਕਾਰਜਕਾਰੀ ਫੈਸਲੇ ਲੈਣ ਲਈ ਨਹੀਂ ਵਰਤਣਾ ਚਾਹੀਦਾ।

**ੲ) ਖਾਲਸਾਈ ਰਾਜਸੀ ਜਮਾਤਾਂ ਦਾ ਕੇਂਦਰੀ ਜਥੇਬੰਦਕ ਧੁਰਾ:** ਖਾਲਸਾ ਪੰਥ ਦੀ ਜਥੇਬੰਦਕ ਜੁਗਤਿ ਹੰਨੇ-ਹੰਨੇ ਮੀਰੀ ਦੀ ਹੈ, ਇਸ ਲਈ ਅਕਾਲ ਤਖਤ ਸਾਹਿਬ ਸਿੱਖਾਂ ਦੇ ਧਾਰਮਿਕ ਜਥਿਆਂ, ਸੰਸਥਾਵਾਂ, ਸੰਪਰਦਾਵਾਂ ਅਤੇ ਅਕਾਲ ਤਖਤ ਅਧੀਨ ਰਾਜਸੀ ਜਮਾਤਾਂ ਦਾ ਕੇਂਦਰੀ ਜਥੇਬੰਦਕ ਧੁਰਾ ਹੈ ।

**ਸ) ਸਮੁਚੀ ਗੁਰਸੰਗਤਿ ਦਾ ਪ੍ਰਤੀਨਿਧ:** ਸਤਿਗੁਰੂ ਨਾਨਕ ਨਾਮ ਲੇਵਾ ਗੁਰਸੰਗਤਿ ਸਾਰੀ ਦੁਨੀਆਂ ਵਿਚ ਸਿੱਖਾਂ ਦੀਆਂ ਵੱਖ-ਵੱਖ ਧਾਰਮਿਕ ਸੰਪਰਦਾਵਾਂ, ਸੰਸਥਾਵਾਂ ਰਾਹੀਂ ਜਥੇਬੰਦ ਹੁੰਦੀ ਆ ਰਹੀ ਹੈ ਅਤੇ ਅਕਾਲ ਤਖਤ ਸਮੁਚੀ ਗੁਰਸੰਗਤਿ ਦਾ ਪ੍ਰਤੀਨਿਧ ਹੈ।

**ਹ) ਧਰਮਯੁੱਧ ਦੇ ਪ੍ਰਥਾਇ ਸਰਵਉਚ ਅਗਵਾਈਕਰਤਾ**: ਜਦੋਂ ਸਮੁੱਚੇ ਖਾਲਸਾ ਪੰਥ ਅਤੇ ਗੁਰਸੰਗਤਿ ਨੂੰ ਕੋਈ ਬਾਹਰੀ ਗੰਭੀਰ ਚੁਣੌਤੀ ਦਰਪੇਸ਼ ਹੋਵੇ ਤਾਂ ਅਕਾਲ ਤਖਤ ਸਾਹਿਬ ਵਲੋਂ ਆਪ ਸੰਗਰਾਮ ਦੀ ਸਿੱਧੀ ਅਗਵਾਈ ਕੀਤੀ ਜਾਂਦੀ ਹੈ।

**ਕ) ਗੁਰਦੁਆਰਾ ਪ੍ਰਬੰਧਨ ਉੱਤੇ ਕੁੰਡਾ:** ਸਿਰੀ ਅਕਾਲ ਤਖਤ ਸਾਹਿਬ ਸਿੱਧੇ ਆਪ ਗੁਰਦੁਆਰਾ ਪ੍ਰਬੰਧ ਵਿਚ ਨਹੀਂ ਆਏਗਾ ਸਗੋਂ ਇਹ ਯਕੀਨੀ ਬਣਾਏਗਾ ਕਿ ਗੁਰਦੁਆਰਾ ਪਰਬੰਧ ਦੀ ਸੇਵਾ ਸੰਭਾਲ ਨਿਰਧਾਰਤ ਗੁਰਮਤਿ ਮਰਿਆਦਾ ਅਨੁਸਾਰ ਹੋਵੇ।

**ਖ) ਧਾਰਮਿਕ, ਪੰਥਕ ਰਾਜਸੀ ਖੇਤਰ ਵਿਚ ਵਿਚਰ ਰਹੀ ਆਗੂ ਜਮਾਤ ਦਾ ਪਹਿਰੇਦਾਰ:** ਧਾਰਮਿਕ ਤੇ ਰਾਜਸੀ ਸਿੱਖ ਆਗੂਆਂ ਦੀ ਅਗਵਾਈ ਦੀ ਸਮਰੱਥਾ ਵਿਚ ਆਈ ਗਿਰਾਵਟ ਦੇ ਮਾਮਲੇ ਵਿਚ ਅਕਾਲ ਤਖਤ ਸਾਹਿਬ ਵਲੋਂ ਪਹਿਰੇਦਾਰੀ ਕੀਤੀ ਜਾਂਦੀ ਹੈ।

**ਗ) ਹਰੇਕ ਸਿਖ ਦੀ ਰਹਿਤ ਮਰਿਯਾਦਾ ਦੀ ਪਾਲਣਾ ਦਾ ਪਹਿਰੇਦਾਰ**: ਕਿਸੇ ਵੀ ਖੇਤਰ ਵਿਚ ਸਰਗਰਮ ਸਿੰਘ ਦੀ ਜੀਵਨ ਰਹਿਤ ਵਿਚ ਆਈ ਗਿਰਾਵਟ ਦੇ ਮਾਮਲੇ ਵਿਚ ਤਨਖਾਹ ਲਗਾਉਣ ਦਾ ਹਕ ਸਿਰੀ ਅਕਾਲ ਤਖਤ ਸਾਹਿਬ ਕੋਲ ਹੁੰਦਾ ਹੈ।

**ਘ) ਸਿਰੀ ਅਕਾਲ ਤਖਤ ਸਾਹਿਬ ਤੇ ਰਾਜ-ਪ੍ਰਬੰਧ:**

- ਸਿਰੀ ਅਕਾਲ ਤਖਤ ਸਾਹਿਬ ਸਿੱਧਾ ਰਾਜ ਪ੍ਰਬੰਧ ਦਾ ਸੰਚਾਲਕ ਨਹੀਂ ਹੈ ਸਗੋਂ ਸਿੱਖ ਰਾਜ ਪ੍ਰਬੰਧ ਨੂੰ ਗੁਰਮਤਿ ਅਤੇ ਖਾਲਸਾਈ ਪਰੰਪਰਾ ਅਨੁਸਾਰੀ ਰੱਖਣ ਲਈ ਨਿਗਰਾਨ, ਅਤੇ ਆਮ ਰਾਜ ਪ੍ਰਬੰਧ ਨੂੰ ਸਰਬੱਤ ਦੇ ਭਲੇ ਦੇ ਅਨੁਸਾਰੀ ਰੱਖਣ ਲਈ ਮਾਰਗਦਰਸ਼ਕ ਹੈ।
- ਸਿਰੀ ਅਕਾਲ ਤਖਤ ਸਾਹਿਬ ਦੂਜੇ ਤਖਤਾਂ ਅਧੀਨ ਚੱਲਣ ਵਾਲੀਆਂ ਸਿੱਖ ਰਾਜਸੀ ਜਮਾਤਾਂ ਨੂੰ ਗੁਰਮਤਿ ਆਸ਼ੇ ਅਤੇ ਸਰਬੱਤ ਦੇ ਭਲੇ ਅਨੁਸਾਰ ਨੀਤੀ ਅਮਲ ਅਖਤਿਆਰ ਕਰਨ ਲਈ ਪ੍ਰਭਾਵਿਤ ਕਰਨ ਵਾਲਾ ਮੰਚ ਹੈ।
- ਸਿਰੀ ਅਕਾਲ ਤਖਤ ਸਾਹਿਬ ਦੁਨੀਆ ਭਰ ਵਿੱਚ ਗੁਰੂ ਗਰੰਥ-ਗੁਰੂ ਪੰਥ ਦੇ ਅਦਬ ਸਤਿਕਾਰ, ਖਾਲਸਾ ਜੀ ਕੇ ਬੋਲ ਬਾਲੇ ਅਤੇ ਪੰਥਕ ਮਸਲਿਆਂ ਪਰਥਾਇ ਦੁਨਿਆਈ ਤਖਤਾਂ ਨਾਲ ਰਾਬਤਾ ਰੱਖੇਗਾ। ਇਸ ਕਾਰਜ ਲਈ ਖਾਸ ਮਰਿਯਾਦਾ ਤਹਿ ਕੀਤੀ ਜਾਏਗੀ।

# ੪. ਤਖਤ ਸਾਹਿਬਾਨਾਂ ਦੀ ਸੇਵਾ ਸੰਭਾਲ ਦੀ ਬਣਤਰ:

ਸਿਰੀ ਅਕਾਲ ਤਖ਼ਤ ਸਾਹਿਬ ਦਾ ਸੰਚਾਲਨ ਜਾਂ ਸੰਚਾਲਨ ਕਰਨ ਵਾਲੀਆਂ ਸ਼ਖਸ਼ੀਅਤਾਂ ਜਾਂ ਜੱਥਿਆਂ ਦੀ ਚੋਣ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਜਾਂ ਇਸ ਤਰਾਂ ਦੀ ਕਿਸੇ ਹੋਰ ਕਾਨੂੰਨੀ ਚੌਖਟੇ ਹੇਠ ਚਲਦੀਆਂ ਸੰਸਥਾਵਾਂ, ਪਾਰਟੀਆਂ ਜਾਂ ਧਿਰਾਂ ਦੇ ਦੁਆਰਾ ਨਹੀਂ ਹੋਣਾ ਚਾਹੀਦਾ।ਇਸ ਲਈ ਖਾਲਸਾ ਜੀਉ ਦੀ ਪਰੰਪਰਾ ਤੋਂ ਸੇਧ ਲੈਂਦਿਆਂ ਮੌਜੂਦਾ ਪ੍ਰਬੰਧ ਵਿੱਚ ਢਾਂਚਾਗਤ ਬਦਲਾਅ ਲਿਆਉਣੇ ਜ਼ਰੂਰੀ ਹਨ।

ਢਾਂਚਾਗਤ ਬਦਲਾਅ ਬਾਰੇ ਸੁਝਾਅ ਦੇਣ ਤੋਂ ਪਹਿਲਾਂ ਸਿੱਖ ਸਮਾਜ ਅਤੇ ਖਾਲਸਾ ਪੰਥ ਦੀ ਸਮਾਜਕ - ਰਾਜਨੀਤਕ ਬਣਤਰ ਨੂੰ ਵਾਚਣਾ ਜ਼ਰੂਰੀ ਹੈ। ਜਦੋਂ ਅਸੀਂ ਢਾਂਚਾਗਤ ਬਦਲਾਅ ਦੀ ਗੱਲ ਕਰ ਰਹੇ ਹਾਂ ਤਾਂ ਇਹ ਜ਼ਰੂਰੀ ਹੈ ਕਿ ਅਸੀਂ ਆਪਣੀ ਪਹੁੰਚ ਨੂੰ ਉਨ੍ਹਾਂ ਮੁਢਲੀਆਂ ਗੱਲਾਂ ਉੱਤੇ ਅਧਾਰਿਤ ਕਰੀਏ ਜੋ ਗੁਰੂ ਨੇ ਸਾਨੂੰ ਬਖਸ਼ੀਆਂ ਹਨ ਅਤੇ ਜੋ ਗੁਰੂ ਖਾਲਸਾ ਪੰਥ ਨੇ ਆਪਣੀ ਰਵਾਇਤ ਚ ਢਾਲੀਆਂ ਹਨ। ਇਸ ਵਿੱਚ ਸਭ ਤੋਂ ਮੁੱਢਲੀ ਗੱਲ ਵਿਸ਼ਵ ਭਰ ਚ ਫੈਲੇ ਸਿੱਖ ਸਮੂਹ ਦੀ ਅੰਦਰੂਨੀ ਬਣਤਰ ਨੂੰ ਸਮਝਣਾ ਜ਼ਰੂਰੀ ਹੈ ।

## ਸਮੁੱਚੀ ਗੁਰਸੰਗਤ ਦੀ ਬਣਤਰ

ਗੁਰਾਂ ਦੇ ਨਾਮ ਉੱਤੇ ਜਿਉਂ ਰਹੀ ਦੁਨੀਆ ਭਰ ਵਿੱਚ ਵਸਦੀ ਵਿਸ਼ਾਲ ਲੋਕਾਈ ਨੂੰ ਜੇਕਰ ਇਕ ਨਾਮ ਚ ਸੂਤਰਬਧ ਕਰਨਾ ਹੋਵੇ ਤਾਂ ਓਹ "ਗੁਰੂ ਕੀ ਸੰਗਤ" ਹੈ। ਇਸ ਵਿਚ ਦੁਨੀਆ ਚ ਵਸਦੇ ਓਹ ਮਨੁੱਖ ਆਉਂਦੇ ਹਨ ਜਿਹੜੇ ਗੁਰੂ ਨਾਨਕ ਦੀ ਜੋਤ ਨਾਲ ਕੋਈ ਵੀ ਸਾਕਾਰਾਤਮਕ ਰਿਸ਼ਤਾ ਰੱਖਣ ਦਾ ਦਾਅਵਾ ਕਰਦੇ ਹਨ । ਇਹ ਗੁਰੂ ਕੀ ਸੰਗਤ ਦੁਨੀਆ ਉਤੇ ਮੁੱਖ ਰੂਪ ਚ ਤਿੰਨ ਵੰਨਗੀਆਂ ਚ ਰੂਪਮਾਨ ਹੈ -

- **ਨਾਨਕਪੰਥੀ** - ਦੁਨੀਆ ਭਰ ਚ ਫੈਲੀ ਗੁਰੂ ਕੀ ਸੰਗਤ ਚ ਇਕ ਬਹੁਤ ਵੱਡਾ ਹਿੱਸਾ ਓਹ ਹੈ ਜਿਸਨੇ ਹੋਰ ਮਤ ਦੀਆਂ ਰਹੁ ਰੀਤਾਂ ਅਤੇ ਮਨੌਤਾਂ ਤੋਂ ਪੂਰੀ ਤਰ੍ਹਾਂ ਨਾਤਾ ਤਾਂ ਨਹੀਂ ਤੋੜਿਆ ਪਰ ਗੁਰ ਸ਼ਬਦ ਅਤੇ ਗੁਰੂ ਨਾਨਕ ਨਾਲ ਵੀ ਇੱਕ ਨਾਤਾ ਬਣਾ ਲਿਆ ਹੈ। ਕੁਝ ਮਨੌਤਾਂ ਅਤੇ ਜੀਵਨ ਜਾਂਚ ਪੂਰਬਲੀ ਚਲੀ ਆਉਂਦੀ ਹੈ ਪਰ ਨਾਲ ਨਾਲ ਗੁਰੂ ਨਾਨਕ ਪਾਤਸ਼ਾਹ ਵਲੋਂ ਬਖਸ਼ਿਸ਼ ਕੀਤੇ ਸ਼ਬਦ ਨੂੰ ਵੀ ਸੁਣ ਰਹੇ ਹਨ ਅਤੇ ਆਪੋਆਪਣੇ ਹਿਸਾਬ ਨਾਲ ਸਿੱਖੀ ਨਾਲ ਇੱਕ ਸਾਂਝ ਬਣਾਈ ਹੋਈ ਹੈ।

- **ਕੇਸਾਧਾਰੀ ਸਿੱਖ** - ਗੁਰੂ ਕੀ ਸੰਗਤ ਚ ਇਹ ਓਹ ਹਿੱਸਾ ਹੈ ਜਿਸਨੂੰ ਆਪਾਂ ਵਿਹਾਰਕ ਤੌਰ ਉੱਤੇ ਦਿਸਦੇ ਰੂਪ ਚ ਸਿੱਖ ਸਮਾਜ ਕਹਿੰਦੇ ਹਾਂ। ਇਹ ਓਹ ਗੁਰੂ ਨਾਨਕ ਨਾਮ ਲੇਵਾ ਹਿੱਸਾ ਹੈ ਜਿਸਨੇ ਆਪਣੀਆਂ ਪੁਰਾਣੀਆਂ/ ਪੂਰਬਲੀਆਂ ਰਹੁ ਰੀਤਾਂ ਅਤੇ ਮਨੌਤਾਂ ਨੂੰ ਛੱਡ ਦਿੱਤਾ ਹੈ ਅਤੇ ਹੁਣ ਸਹਿਜੇ ਸਹਿਜੇ ਗੁਰੂ ਦੇ ਦੱਸੇ ਰਾਹ ਉਤੇ ਚੱਲ ਰਹੇ ਹਨ। ਅਜੇ ਖਾਲਸੇ ਦੇ ਕਿਸੇ ਜਥੇ ਕੋਲੋਂ ਖੰਡੇ ਦੀ ਪਾਹੁਲ ਦੀ ਪ੍ਰਾਪਤੀ ਨਹੀਂ ਕੀਤੀ ਪਰ ਸਿੱਖ ਰਹਿਤ -ਬਹਿਤ ਜਿਉਣ ਲਈ ਸੰਗਤ ਕਰਦਾ ਹੈ।

- **ਖਾਲਸਾ ਪੰਥ** - "ਖਾਲਸਾ ਜੀ" ਗੁਰੂ ਕੀ ਸੰਗਤ ਦੇ ਧੁਰੇ ਵਜੋਂ ਸਥਾਪਿਤ ਹੈ । ਖਾਲਸਾ ਜੀ ਵਿੱਚ ਗੁਰੂ ਕੀ ਸੰਗਤ ਵਿੱਚੋਂ ਓਹ ਹਿੱਸਾ ਸ਼ਾਮਿਲ ਹੈ ਜਿਸਨੇ ਖੰਡੇ ਦੀ ਪਾਹੁਲ ਲੈ ਕੇ ਗੁਰੂ ਦੇ ਰਾਹ ਉਤੇ ਚੱਲਣ ਦੀ ਵਚਨਬੱਧਤਾ ਦ੍ਰਿੜ ਕਰਵਾਈ ਹੈ। ੧੬੯੯ ਦੀ ਵਿਸਾਖੀ ਨੂੰ ਖਾਲਸਾ ਪੰਥ ਦੀ ਸਾਜਨਾ ਕਰਕੇ ਦਸਵੇਂ ਪਾਤਸ਼ਾਹ ਨੇ ਗੁਰੂ ਕੀ ਸੰਗਤ ਦੇ ਵਿਸ਼ਾਲ ਸਮੂਹ ਨੂੰ ਖਾਲਸਾ ਪੰਥ ਦੇ ਦੁਆਲੇ ਸੰਗਠਿਤ ਕਰ ਦਿੱਤਾ ਸੀ ਅਤੇ ਜੋਤੀ ਜੋਤ ਸਮਾਉਣ ਵੇਲੇ ਦਸਵੇਂ ਪਾਤਸ਼ਾਹ ਨੇ ਗੁਰੂਆਈ ਗੁਰੂ ਗ੍ਰੰਥ ਅਤੇ ਗੁਰੂ ਪੰਥ ਨੂੰ ਐਲਾਨੀਆ ਤੌਰ ਉਤੇ ਬਖਸ਼ ਦਿੱਤੀ।



## ਸਿਰੀ ਅਕਾਲ ਤਖਤ ਸਾਹਿਬ ਦੇ ਸੇਵਾ ਸੰਭਾਲ ਦੀ ਬਣਤਰ ਬਾਬਤ ਬਣਦੇ ਪੰਜ ਦਾਇਰੇ :

**੧) ਗੁਰਸੰਗਤ ਪ੍ਰਤੀਨਿਧ ਸਭਾ** - ਪਹਿਲੇ ਹਿੱਸੇ ਵਿੱਚ ਸਤਿਗੁਰ ਨਾਨਕ ਨਾਮ ਲੇਵਾ ਸੰਗਤਾਂ ਦਾ ਇਕ ਸਰਵ ਵਿਆਪਕ ਦਾਇਰੇ ਵਾਲਾ ਪ੍ਰਤੀਨਿਧ ਦਰਬਾਰ ਹੋਵੇਗਾ। ਇਤਿਹਾਸਕ ਗੁਰ ਤੀਰਥਾਂ ਦੇ ਪਰਤੀਨਿਧ, ਪੰਜਾਬ, ਇੰਡੀਆ ਅਤੇ ਦੁਨੀਆ ਭਰ ਦੀਆਂ ਇਲਾਕਾਈ ਗੁਰਸੰਗਤਾਂ ਤੇ ਗੁਰਦੁਆਰਿਆਂ, ਸਿੰਘ ਸਭਾਵਾਂ ਦੇ ਪਰਤੀਨਿਧ, ਦਲ ਪੰਥ, ਟਕਸਾਲਾਂ, ਧਰਮਯੁਧ ਲੜ ਰਹੇ ਜਥੇ/ਪਾਰਟੀਆਂ/ਫੋਰਸਾਂ, ਪਰਚਾਰ ਜਥੇ, ਅਕਾਦਮਕ ਤੇ ਵਿਦਿਅਕ ਸੰਸਥਾਵਾਂ, ਸੇਵਾ ਜਥਿਆਂ, ਗੁਰਮਤਿ ਦੇ ਦਾਇਰੇ ਵਿਚ ਵਿਚਰ ਰਹੀਆਂ ਨਿਰਮਲ ਪੰਥ ਤੇ ਉਦਾਸੀ ਪੰਥ ਦੀਆਂ ਸਖਸ਼ੀਅਤਾਂ, ਮਿਸ਼ਨਰੀ ਜਥੇ ਤੇ ਸੰਸਥਾਵਾਂ, ਦੁਨੀਆਦਾਰੀ ਦੇ ਵਖ ਵਖ ਖੇਤਰਾਂ ਦੀਆਂ ਅਹਿਮ ਸਿੱਖ ਸਖਸ਼ੀਅਤਾਂ, ਭਾਈਚਾਰਕ ਸਭਾਵਾਂ (ਸਿਵਲ ਸੁਸਾਇਟੀ) ਦੇ ਪ੍ਰਤੀਨਿਧ, ਤਿਆਰ-ਬਰ-ਤਿਆਰ ਸਿੰਘਾਂ ਹੋਰ ਜਥੇ ਇਸ ਪਰਤੀਨਿਧ ਦਰਬਾਰ ਵਿਚ ਸ਼ਾਮਿਲ ਹੋਣਗੇ। ਇਹ ਸਭਾ ਮੁੱਖ ਰੂਪ ਚ ਨਾਨਕ ਨਾਮ ਲੇਵਾ ਸਿੱਖ ਸਮੂਹ ਦੇ ਅੰਦਰੂਨੀ ਧਾਰਮਕ - ਸਮਾਜਕ ਮਸਲਿਆਂ ਉਤੇ ਵਿਚਾਰ ਕਰਨ ਹਿਤ ਕਾਰਜਸ਼ੀਲ ਹੋਵੇਗੀ ।

**੨) ਸਰਬਤ ਖਾਲਸਾ** - ਦੂਸਰੇ ਪਧਰ ਉਤੇ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਪੰਜਾਂ ਸਿੰਘਾਂ ਦੀ ਹਜੂਰੀ ਚ ਜੁੜਿਆ ਖਾਲਸਾ ਪੰਥ ਦੇ ਤਿਆਰ ਬਰ ਤਿਆਰ ਸਿੰਘਾਂ ਦੇ ਜਥਿਆਂ ਦਾ ਸਮੂਹ ਸਰਬੱਤ ਖਾਲਸਾ ਹੈ। ਇਹ ਗੁਰਸੰਗਤਿ ਦੀ ਸਮੂਹਿਕ ਜਥੇਬੰਦਕ ਜੁਗਤ ਦਾ ਅਧਾਰ ਹੈ। ਸਮੂਹਿਕ ਫੈਸਲੇ ਲੈਣ ਲਈ ਸਰਬੱਤ ਖਾਲਸਾ ਹੀ ਸਿੱਖਾਂ ਦਾ ਸਰਵਉੱਚ ਮੰਚ ਹੈ ਅਤੇ ਇਸ ਵਿਚ ਗੁਰੂ ਖਾਲਸਾ ਪੰਥ ਦੇ ਸਰਗਰਮ ਜੱਥਿਆਂ ਦੇ ਪ੍ਰਤੀਨਿਧੀ ਸ਼ਾਮਿਲ ਹੋਣਗੇ। ਇਹ ਸਭਾ ਮੁੱਖ ਰੂਪ ਚ ਧਰਮਯੁੱਧ ਦੇ ਪ੍ਰਥਾਇ ਅਤੇ ਬਾਹਰੀ ਚਣੌਤੀਆਂ ਦੇ ਹਲ ਲਈ ਖਾਲਸਾ ਪੰਥ ਦੀ ਅਗਵਾਈ ਕਰੇਗੀ ਅਤੇ ਗੁਰਸੰਗਤ ਦੇ ਅੰਦਰੂਨੀ ਮਸਲਿਆਂ ਦਾ ਨਿਤਾਰਾ ਕਰੇਗੀ । ਇਸ ਇਕਤਰਤਾ ਵਿਚ ਦੂਸਰੇ ਦੁਨਿਆਦਾਰ ਤਖਤਾਂ ਅਧੀਨ ਵਿਚਰਨ ਵਾਲੀਆਂ ਪਾਰਟੀਆਂ ਦੇ ਆਗੂ ਸ਼ਾਮਲ ਨਹੀਂ ਹੋ ਸਕਦੇ। ਸਰਬੱਤ ਖਾਲਸਾ ਗੁਰਸੰਗਤ ਦੇ ਅੰਦਰੂਨੀ ਧਾਰਮਕ - ਸਮਾਜਕ ਮਸਲਿਆਂ ਦਾ ਗੁਰਸੰਗਤ ਪ੍ਰਤੀਨਿਧੀ ਸਭਾ ਦੇ ਨਾਲ ਸਲਾਹ ਮਸ਼ਵਰੇ ਕਰਕੇ ਨਿਤਾਰਾ ਕਰਨ ਅਤੇ ਮੁੱਖ ਰੂਪ ਵਿੱਚ ਪੰਥ ਦੇ ਬਾਹਰੀ ਰਾਜਨੀਤਕ ਮਸਲਿਆਂ ਉਤੇ ਫੈਸਲੇ ਕਰਨ ਦਾ ਸਰਬ ਉੱਚ ਮੰਚ ਹੈ ।

**੩) ਸਿਰੀ ਅਕਾਲ ਤਖਤ ਸੇਵਾ ਸੰਭਾਲ ਜਥਾ** - ਤੀਜੇ ਹਿੱਸੇ ਵਿਚ ਸਿਰੀ ਅਕਾਲ ਤਖਤ ਸਾਹਿਬ ਦੇ ਮੁਕਾਮੀ ਪ੍ਰਬੰਧ ਨੂੰ ਚਲਾਉਣ ਲਈ ਅਤੇ ਖਾਲਸਾ ਪੰਥ ਦੀ ਪ੍ਰਤੀਨਿਧਤਾ ਲਈ ਇਕ ਅਕਾਲੀ ਜਥਾ ਹੋਵੇਗਾ। ਇਹ ਜਥਾ ਗੁਰਸੰਗਤਿ ਅਤੇ ਖਾਲਸਾ ਪੰਥ ਅੰਦਰ ਨਿਰਪੱਖਤਾ ਨਾਲ ਜਥੇਬੰਦਕ ਧੁਰੇ, ਸਾਂਝੇ ਮੰਚ ਅਤੇ ਸੂਤਰਧਾਰ ਦੀ ਭੂਮਿਕਾ ਨਿਭਾਏਗਾ।


- ਪੰਥਕ ਰਿਵਾਇਤ ਅਨੁਸਾਰ ਇਸ ਜਥੇ ਵਿਚ ਘੱਟੋ-ਘੱਟ 25 ਸਿੰਘ ਹੋਣੇ ਚਾਹੀਦੇ ਹਨ।
- ਇਹ ਸਿਰਮੌਰ (ਸੌਵਰਨ) ਹੋਵੇਗਾ ਅਤੇ ਕਿਸੇ ਵੀ ਦੁਨਿਆਵੀ ਨਿਜ਼ਾਮ ਜਾਂ ਰਾਜ ਦੇ ਅਧੀਨ ਨਹੀਂ ਹੋਵੇਗਾ।
- ਇਹ ਜਥਾ ਸਥਾਈ ਹੋਵੇਗਾ। ਜਥੇ ਦਾ ਜਥੇਦਾਰ ਤੇ ਇਸ ਦੀਆਂ ਸਭਾਸਦ ਸਖਸ਼ੀਅਤਾਂ ਬਦਲਦੀਆਂ ਰਹਿਣਗੀਆਂ। ਇਸੇ ਤਰ੍ਹਾਂ ਸਰਬਤ ਖਾਲਸਾ ਦੇ ਸਭਾਸਦ ਸਮੇਂ ਅਨੁਸਾਰ ਬਦਲਦੇ ਰਹਿਣਗੇ।

**੪) ਪੰਚ ਪ੍ਰਧਾਨੀ ਪੰਚਾਇਣ** – ਚੌਥੇ ਹਿੱਸੇ ਵਿਚ ਗੁਰਮਤਿਆਂ, ਫੈਸਲਿਆਂ, ਹੁਕਮਨਾਮਿਆਂ ਅਤੇ ਆਦੇਸ਼ਾਂ ਹਿਤ ਇਕ ਪੰਚ ਪ੍ਰਧਾਨੀ ਪੰਚਾਇਣ ਹੋਵੇਗੀ ਜੋ ਕਿ ਸਥਾਈ ਨਹੀਂ ਹੋਵੇਗੀ। ਇਹ ਪੰਚ ਪ੍ਰਧਾਨੀ ਪੰਚਾਇਣ ਪੰਥਕ ਰਿਵਾਇਤ ਅਨੁਸਾਰ ਹਰ ਵਾਰ ਖਾਸ ਉਦੇਸ਼ ਲਈ ਮੌਕੇ ਉੱਤੇ ਚੁਣੀ ਜਾਇਆ ਕਰੇਗੀ। ਇਹ ਪੰਚ ਪ੍ਰਧਾਨੀ ਪੰਚਾਇਣ ਗੁਰਮਤਿਆਂ, ਫੈਸਲਿਆਂ, ਹੁਕਮਨਾਮਿਆਂ ਅਤੇ ਆਦੇਸ਼ਾਂ ਰਾਹੀਂ ਅਕਾਲ ਤਖਤ ਸਾਹਿਬ ਦੀ ਸਰਵਉੱਚਤਾ ਨੂੰ ਰੂਪਮਾਨ ਕਰੇਗੀ। ਇਹ ਪੰਚਾਇਣ ਇਕੱਤਰ ਹੋਏ ਸਰਬੱਤ ਖਾਲਸਾ ਵੱਲੋਂ ਮੌਕੇ ਉੱਤੇ ਚੁਣੀ ਜਾਵੇਗੀ ਅਤੇ ਚੱਲ ਰਹੇ ਸਰਬੱਤ ਖਾਲਸਾ ਦੀ ਕਵਾਇਦ ਨੂੰ ਸੰਪੂਰਨ ਕਰਨ ਤਕ ਲਾਗੂ ਰਹੇਗੀ ।

**੫) ਜਥੇਦਾਰ** – ਅਕਾਲ ਤਖਤ ਸਾਹਿਬ ਦੇ ਸੇਵਾ ਪ੍ਰਬੰਧ ਵਾਲੇ ਉਕਤ ਜਥੇ ਦਾ ਜਥੇਦਾਰ ਅਕਾਲ ਤਖਤ ਸਾਹਿਬ ਦਾ ਜਥੇਦਾਰ ਹੋਵੇਗਾ।

- ਜਥੇਦਾਰ ਅਕਾਲ ਤਖਤ ਸਾਹਿਬ ਦੇ ਸੇਵਾ ਸੰਭਾਲ਼ ਦੇ ਜਥੇ ਵਿਚੋਂ ਹੀ ਹੋਵੇਗਾ।
- ਜਥੇਦਾਰ ਅਕਾਲ ਤਖਤ ਸਾਹਿਬ ਦੇ ਸੇਵਾ ਸੰਭਾਲ ਦੇ ਜਥੇ ਦੀ ਪ੍ਰਬੰਧਕੀ ਅਗਵਾਈ ਕਰੇਗਾ।
- ਜਥੇਦਾਰ ਪੰਚ ਪ੍ਰਧਾਨੀ ਪੰਚਾਇਣ ਭਾਵ ਪੰਜ ਸਿੰਘਾਂ ਦੀ ਤਬਿਆ ਚੱਲਣ ਵਾਲਾ ਹੋਵੇਗਾ।
- ਜਥੇਦਾਰ ਸਾਰੇ ਪੰਥ ਲਈ ਖੁਦ ਫੈਸਲੇ ਨਹੀਂ ਕਰੇਗਾ ਬਲਕਿ ਗੁਰਮਤਾ ਪਕਾਉਣ ਲਈ ਸਰਬਤ ਖਾਲਸਾ ਸੱਦਣ ਲਈ ਜਿੰਮੇਵਾਰ ਹੋਵੇਗਾ।
- ਜਥੇਦਾਰ ਉਕਤ ਬਿਧ ਰਾਹੀਂ ਲਏ ਸਾਂਝੇ ਫੈਸਲਿਆਂ ਦਾ ਬੁਲਾਰਾ ਹੋਵੇਗਾ। ਨਿੱਜੀ ਹੈਸੀਅਤ ਵਿਚ ਖੁਦ ਹੀ ਕੋਈ ਆਦੇਸ਼/ਫੈਸਲਾ/ਮਤਾ ਜਾਂ ਐਲਾਨ ਨਹੀਂ ਕਰੇਗਾ।
- ਜਥੇਦਾਰ ਕੋਈ ਵੀ ਤਨਖਾਹ, ਚੜ੍ਹਾਵਾ ਜਾਂ ਤੋਹਫਾ ਨਿੱਜੀ ਰੂਪ ਵਿਚ ਨਹੀਂ ਲੈ ਸਕਦਾ। ਸਿਰਫ ਸਿਰੋਪਾਓ ਨਿੱਜੀ ਹੈ।

# ਸਿਰੀ ਅਕਾਲ ਤਖਤ ਸਾਹਿਬ ਦੀ ਸੇਵਾ ਸੰਭਾਲ ਅਤੇ ਫੈਸਲਾ ਲੈਣ ਲਈ ਸਰਬੱਤ ਖਾਲਸਾ ਅਤੇ ਗੁਰਸੰਗਤ ਦੀ ਬਣਤਰ ਅਤੇ ਭੂਮਿਕਾ



# ੫ . ਸਿਰੀ ਅਕਾਲ ਤਖਤ ਸਾਹਿਬ ਸੇਵਾ ਸੰਭਾਲ ਜਥੇ ਲਈ ਪਾਤਰਤਾ

ਸਿਰੀ ਅਕਾਲ ਤਖਤ ਸਾਹਿਬ ਦੇ ਜਥੇ ਲਈ ਪਾਤਰਤਾ ਦੇ ਪੈਮਾਨੇ ਇਸ ਪ੍ਰਕਾਰ ਹਨ:

- ਨਾਮ ਬਾਣੀ ਦਾ ਅਭਿਆਸੀ, ਖੰਡੇ ਬਾਟੇ ਦਾ ਪਾਹੁਲਧਾਰੀ ਤੇ ਪੰਜ ਕਕਾਰੀ ਰਹਿਤ ਦਾ ਧਾਰਨੀ ਹੋਵੇ ਤੇ ਪਹਿਰ ਰਾਤ ਰਹਿੰਦੇ ਜਾਗਣ ਵਾਲਾ ਹੋਵੇ।
- ਗੁਰੂ ਘਰ ਦੀ ਸਮੁੱਚੀ ਜਿੰਮੇਵਾਰੀ ਭਾਵ ਸਿਰੀ ਗੁਰੂ ਗਰੰਥ ਸਾਹਿਬ ਜੀ ਦੀ ਸੇਵਾ ਸੰਭਾਲ ਅਤੇ ਅੰਮ੍ਰਿਤ ਸੰਚਾਰ ਦੀ ਮਰਯਾਦਾ ਦਾ ਪਾਲਣ ਕਰਨ ਯੋਗ ਹੋਵੇ।
- ਗੁਰਮਤਿ, ਇਤਿਹਾਸ, ਪਰੰਪਰਾ ਦਾ ਗਿਆਤਾ ਹੋਵੇ।
- ਗੁਰੂ ਗਰੰਥ-ਗੁਰੂ ਪੰਥ, ਮਨੁਖਤਾ ਅਤੇ ਸਰਬਤ ਦੇ ਭਲੇ ਹਿਤ ਨਿਸ਼ਕਾਮ ਸੇਵਾ ਕਰਨ ਲਈ ਸਦਾ ਤਤਪਰ ਹੋਵੇ।
- 'ਬੇਗਮਪੁਰਾ', 'ਹਲੇਮੀ ਰਾਜ' ਅਤੇ 'ਖਾਲਸਾ ਜੀ ਕੇ ਬੋਲਬਾਲੇ' ਇਤਆਦਿਕ ਗੁਰਮਤਿ ਦੇ ਬੁਨਿਆਦੀ ਅਸੂਲਾਂ (ਸੰਕਲਪਾਂ) ਨੂੰ ਪਰਣਾਇਆ ਹੋਵੇ।
- ਤਨ ਤੇ ਮਨ ਕਰਕੇ ਧਰਮ ਯੁਧ ਲਈ ਸੰਗਰਾਮ ਕਰਨ ਦੇ ਯੋਗ ਹੋਵੇ।
- ਨਿਰਭਉ-ਨਿਰਵੈਰ ਹੋਵੇ, ਭਾਵ ਆਪਣੇ ਕਰਤਵ ਨਿਭਾਉਣ ਵਿਚ ਅਤਿ ਉਦਮੀ, ਅਝੁਕ, ਅਰੁਕ ਵਿਵਹਾਰਕ ਸਮਰੱਥਾ ਵਾਲਾ ਹੋਵੇ।
- ਸਚਿਆਰ ਜੀਵਨ, ਦਇਆ, ਸੰਤੋਖ, ਕਰੜੀ ਘਾਲ ਕਮਾਈ ਵਾਲੀ ਪਵਿੱਤਰ ਜੀਵਨ ਰਹਿਤ ਮਰਿਯਾਦਾ ਦਾ ਪਾਲਣਹਾਰ ਹੋਵੇ।
- ਜੀਵਨ ਨਿਰਬਾਹ ਲਈ ਗੁਰੂ ਖਾਲਸਾ ਪੰਥ ਵਲੋਂ ਨੀਯਤ ਰਸਦਾਂ ਵਸਤਾਂ ਉਤੇ ਅਧਾਰਤ ਸੰਤੋਖੀ ਜੀਵਨ ਬਤੀਤ ਕਰਨ ਵਾਲਾ ਹੋਵੇ।
- ਪੂਰਨ ਤੌਰ ਉੱਤੇ ਅਕਾਲ ਤਖਤ ਸਾਹਿਬ ਨੂੰ ਸਮਰਪਤ ਹੋਵੇ ਭਾਵ ਕਿ ਪਰਿਵਾਰਕ, ਪੇਸ਼ਾਵਰ, ਸੰਸਥਾਈ, ਸੰਪਰਦਾਈ ਅਤੇ ਜਥੇਬੰਦਕ ਜਿੰਮੇਵਾਰੀਆਂ ਤੋਂ ਨਿਰਲੇਪ ਹੋਵੇ।
- ਪੰਥ ਪ੍ਰਸਤੀ ਜਾਂ ਆਚਰਨ ਉੱਤੇ ਕਦੇ ਸ਼ੱਕ ਨਾ ਰਿਹਾ ਹੋਵੇ ਭਾਵ ਖਾਲਸਾ ਪੰਥ ਦਾ ਵਡਾ ਇਤਬਾਰੀ ਹੋਵੇ।
- ਰਾਜਨੀਤੀ ਦੇ ਵੱਖ-ਵੱਖ ਪਸਾਰਾਂ ਅਤੇ ਦੁਨੀਆਦਾਰੀ ਦੇ ਅਹਿਮ ਮਸਲਿਆਂ ਦੀ ਮੁੱਢਲੀ ਜਾਣਕਾਰੀ ਰਖਦਾ ਹੋਵੇ ਤਾਂ ਅਛਾ ਹੈ।
- ਵਖ-ਵਖ ਧਰਮਾਂ, ਭਾਖਾਵਾਂ ਅਤੇ ਫਲਸਫਿਆਂ ਦੀ ਮੁੱਢਲੀ ਜਾਣਕਾਰੀ ਭੀ ਹੋਵੇ ਤਾਂ ਅਛਾ ਹੈ।
- ਦੂਸਰੇ ਦੁਨੀਆਵੀ ਤਖਤਾਂ ਅਧੀਨ ਚਲ ਰਹੀਆਂ ਜਥੇਬੰਦੀਆਂ ਜਾਂ ਸੰਸਥਾਵਾਂ ਦਾ ਸਭਾਸਦ/ਦਰਬਾਰੀ ਨਾ ਹੋਵੇ।


# ਸਰਬੱਤ ਖਾਲਸਾ ਵਿੱਚ ਸ਼ਮੂਲੀਅਤ ਕਰਨ ਲਈ ਜਥੇਬੰਦੀਆਂ ਅਤੇ ਸ਼ਖ਼ਸੀਅਤਾਂ ਦੀ ਪਾਤਰਤਾ

ਖਾਲਸਾ ਪੰਥ ਜੋਕਿ ਖੰਡੇ ਬਾਟੇ ਦੀ ਪਾਹੁਲ ਛੱਕ ਕੇ ਤਿਆਰ ਬਰ ਤਿਆਰ ਹੋਏ ਸਿੰਘਾਂ ਦਾ ਸਮੂਹ ਹੈ। ਇਸ ਲਈ ਸਰਬੱਤ ਖਾਲਸਾ ਵਿਚ ਇਨ੍ਹਾਂ ਤਿਆਰ ਬਰ ਤਿਆਰ ਸਿੱਖਾਂ ਦੇ ਜੱਥੇਬੰਦਕ ਅਤੇ ਸੰਸਥਾਗਤ ਸਥਾਨਕ ਜੱਥਿਆਂ ਦਾ ਇਕੱਠ ਹੈ। ਇਸ ਵਿੱਚ ਫੈਸਲਾ ਸਰਬੱਤ ਖਾਲਸਾ (ਜੋਕਿ ਤਿਆਰ ਬਰ ਤਿਆਰ ਸਿੰਘ ਦੇ ਜਥਿਆਂ ਦਾ ਸਮੂਹ ਹੈ ) ਕਰਦਾ ਹੈ। ਸਥਾਨਕ ਗੁਰ ਸੰਗਤ ਦੇ ਪ੍ਰਤੀਨਿਧ ਅਤੇ ਹੋਰ ਵਿਸ਼ਾ ਮਾਹਰ ਸਲਾਹ ਮਸ਼ਵਰੇ ਲਈ ਅਕਾਲ ਤਖਤ ਸੇਵਾ ਸੰਭਾਲ ਜਥੇ / ਜੱਥੇਦਾਰ ਦੇ ਸੱਦੇ 'ਤੇ ਪੰਚ-ਪ੍ਰਧਾਨੀ ਪੰਚਾਇਣ ਦੀ ਮਨਜੂਰੀ ਨਾਲ ਸ਼ਾਮਿਲ ਹੋ ਸਕਦੇ ਹਨ ।

ਸਰਬੱਤ ਖਾਲਸਾ ਲਈ ਪਾਤਰਤਾ ਦੇ ਪੈਮਾਨੇ ਇਸ ਪ੍ਰਕਾਰ ਹਨ : -

- ਸਰਬੱਤ ਖਾਲਸਾ ਵਿੱਚ ਮੁੱਖ ਤੌਰ ਉਤੇ ਸੰਗਤ ਦੇ ਵਿੱਚੋਂ ਤਿਆਰ ਬਰ ਤਿਆਰ ਸਿੰਘਾਂ ਦੇ ਜਥਿਆਂ, ਸੰਸਥਾਵਾਂ / ਪਾਰਟੀਆਂ ਦੀ ਸ਼ਮੂਲੀਅਤ ਹੀ ਹੁੰਦੀ ਹੈ। ਸੰਗਠਿਤ ਜਥਿਆਂ ਤੋਂ ਇਲਾਵਾ ਕਿਸੇ ਖਾਸ ਵਿਸ਼ਿਆਂ ਲਈ ਵਿਸ਼ੇ ਮਾਹਰ ਜਾਂ ਹੋਰ ਨਿੱਜੀ ਤੌਰ ਉਤੇ ਵਿਚਰਨ ਵਾਲੀਆਂ ਪੰਥ ਪ੍ਰਸਤ ਸ਼ਖਸੀਅਤਾਂ ਸਲਾਹ ਮਸ਼ਵਰੇ ਲਈ ਸੱਦੀਆਂ ਜਾ ਸਕਦੀਆਂ ਹਨ ਜਿਹੜੀਆਂ ਅਕਾਲ ਤਖਤ ਸਾਹਿਬ ਨੂੰ ਸਮਰਪਿਤ ਹੋਣ ।
- ਸਰਬੱਤ ਖਾਲਸਾ ਵਿੱਚ ਸੇਵਾ, ਧਰਮ ਪ੍ਰਚਾਰ ਅਤੇ ਧਰਮਯੁਧ ਦੇ ਪਰਥਾਏ ਸਰਗਰਮ ਅਕਾਲ ਤਖਤ ਨੂੰ ਸਮਰਪਿਤ ਜਥੇ ਹੀ ਸ਼ਮੂਲੀਅਤ ਕਰ ਸਕਦੇ ਹਨ।

ਨੋਟ: ਸਥਾਨਕ ਜਥੇ ਆਪੋ ਆਪਣੇ ਪੱਧਰ ਉਤੇ ਮਤੇ ਕਰਕੇ ਆਪਣੇ ਨੁਮਾਇੰਦੇ ਸਰਬੱਤ ਖਾਲਸਾ ਵਿੱਚ ਭੇਜ ਸਕਦੇ ਹਨ। ਮਸਲਿਆਂ ਦੀ ਨਜ਼ਾਕਤ ਦੇ ਅਨੁਸਾਰ ਸਹੂਲਤ ਲਈ ਤਕਨੀਕ ਦਾ ਇਸਤੇਮਾਲ ਕਰਕੇ ਸਥਾਨਕ ਜਥਿਆਂ ਦੀ ਸ਼ਮੂਲੀਅਤ ਕਰਵਾਈ ਜਾ ਸਕਦੀ ਹੈ



# ੬. ਮੌਜੂਦਾ ਸਮੇਂ ਵਿਚ ਜਥੇ ਦੀ ਕਾਇਮੀ ਅਤੇ ਜਥੇਦਾਰ ਦੀ ਨਿਯੁਕਤੀ:

- ਪਹਿਲੀ ਵਾਰ ਸਿਰੀ ਅਕਾਲ ਤਖਤ ਸੇਵਾ ਸੰਭਾਲ ਜਥੇ ਦੀ ਕਾਇਮੀ ਲਈ ਪੰਥ ਪ੍ਰਸਤ ਨਿਰਪਖ ਸਖਸ਼ੀਅਤਾਂ ਦਾ ਇੱਕ ਆਰਜੀ ਤਾਲਮੇਲ ਜਥਾ ਬਣਾਉਣਾ ਪਵੇਗਾ। ਇਸ ਜਥੇ ਵਿੱਚ ਸ਼ਮੂਲੀਅਤ ਕਰਨ ਵਾਲੀਆਂ ਸ਼ਖਸੀਅਤਾਂ ਦੁਨਿਆਈ ਤੱਖਤਾਂ ਦੇ ਪ੍ਰਭਾਵਾਂ ਤੋਂ ਮੁਕਤ ਹੋਣੀਆਂ ਚਾਹੀਦੀਆਂ ਅਤੇ ਉਨ੍ਹਾਂ ਨਾਲ ਸਿੱਧੇ - ਅਸਿੱਧੇ ਸੰਬੰਧਾਂ ਤੋਂ ਰਹਿਤ ਹੋਣੀਆਂ ਚਾਹੀਦੀਆਂ । ਇਸ ਵਿਚ ਕਿਸੇ ਵੀ ਵੋਟ ਸਿਆਸਤ ਵਾਲੀ ਪਾਰਟੀ ਦਾ ਆਗੂ ਸ਼ਾਮਲ ਨਹੀਂ ਹੋ ਸਕਦਾ।
- ਇਹ ਤਾਲਮੇਲ ਜਥਾ ਗੁਰਸੰਗਤ ਦੇ ਪ੍ਰਤੀਨਿਧੀਆਂ ਚ ਆਏ ਹੋਏ ਸੁਝਾਵਾਂ ਨੂੰ ਵਿਚਾਰਨ ਲਈ ਸੰਵਾਦ ਚਲਾਉਣ ਅਤੇ ਇਸਦੇ ਫਲਸਵਰੂਪ ਸਿਰੀ ਅਕਾਲ ਤਖਤ ਸਾਹਿਬ ਦੇ ਪ੍ਰਬੰਧ ਨੂੰ ਚਲਾਉਣ ਅਤੇ ਨਿਯੁਕਤੀਆਂ ਬਾਰੇ ਮਾਰਗ ਸੇਧ ਦਸਤਾਵੇਜ਼ ਜਾਰੀ ਕਰੇਗਾ।
- ਇਸੇ ਮਾਰਗਸੇਧ ਦਸਤਾਵੇਜ਼ ਦੇ ਤਹਿਤ ਅਕਾਲ ਤਖਤ ਸਾਹਿਬ ਸੇਵਾ ਸੰਭਾਲ ਜਥਾ ਕਾਇਮ ਕੀਤਾ ਜਾਵੇ ਜੋਕਿ ਫੇਰ ਆਪਣੇ ਜਥੇ ਦਾ ਜੱਥੇਦਾਰ ਚੁਣ ਲੈਣਗੇ। ਸਿਰੀ ਅਕਾਲ ਤਖਤ ਸੇਵਾ ਸੰਭਾਲ ਜਥੇ ਦੀ ਪਹਿਲੀ ਵਾਰ ਕਾਇਮੀ ਤੋਂ ਬਾਅਦ ਇਸ ਜਥੇ ਦੀ ਤਸਦੀਕ ਸਰਬੱਤ ਖਾਲਸਾ ਸਦ ਕੇ ਕੀਤੀ ਜਾਵੇਗੀ।
- ਇਸ ਜਥੇ ਲਈ ਸੰਭਾਵੀ ਪਾਤਰਤਾ ਪੂਰੀ ਕਰਨ ਵਾਲੇ ਸਿੰਘ ਦਾ ਨਾਮ ਤਿਆਰ-ਬਰ-ਤਿਆਰ ਪੰਜ ਸਿੰਘ ਜਥੇ ਦੀ ਪੰਚ ਪ੍ਰਧਾਨੀ ਪੰਚਾਇਣ ਦੇ ਵਿਚਾਰ ਹਿਤ ਪੇਸ਼ ਕਰ ਸਕਦੇ ਹਨ।
- ਅਗਾਂਹ ਲਈ ਜਥੇ ਦੀ ਆਪਣੀ ਪੰਚਾਇਣ ਕਿਸੇ ਵੀ ਸਭਾਸਦ ਦੀ ਖੁਦ ਚੋਣ ਕਰੇਗੀ ਅਤੇ ਸਮੇਂ ਸਮੇਂ ਉਤੇ ਸਰਬੱਤ ਖਾਲਸਾ ਤੋਂ ਤਸਦੀਕ ਕਰਵਾਈ ਜਾਂਦੀ ਰਹੇਗੀ। ਅਕਾਲ ਤਖਤ ਸੇਵਾ ਸੰਭਾਲ ਜਥੇ ਦੇ ਵਿਚੋਂ ਇਕ ਸਿੰਘ ਸਰਬਤ ਖਾਲਸਾ ਦੀ ਸਲਾਹ ਨਾਲ ਪੰਚ ਪ੍ਰਧਾਨੀ ਜੁਗਤਿ ਅਨੁਸਾਰ ਜਥੇਦਾਰ ਵਜੋਂ ਚੁਣਿਆ ਜਾਇਆ ਕਰੇਗਾ।

**ਤਖਤ ਸਾਹਿਬਾਨਾਂ ਦੇ ਪ੍ਰਬੰਧ ਨੂੰ ਨਵੀਨ ਪ੍ਰਸਥਿਤੀਆਂ ਦੇ ਅਨੁਸਾਰ ਨਵਿਆਉਣ ਲਈ ਮੌਜੂਦਾ ਸਮੇਂ ਚ ਚੁੱਕਣ ਵਾਲੇ ਕਦਮ**




## ਸਿਰੀ ਅਕਾਲ ਤਖਤ ਸੇਵਾ ਸੰਭਾਲ ਜਥੇ ਦਾ ਨਿਰਬਾਹ

- ਸਿਰੀ ਅਕਾਲ ਤਖਤ ਸੇਵਾ ਸੰਭਾਲ ਜਥਾ ਸਰਬਤ ਖਾਲਸਾ ਨਾਲ ਸਲਾਹ ਕਰਕੇ ਆਪਣਾ ਨਿਰਬਾਹ ਖਰਚ ਨਿਯਤ ਕਰੇਗਾ।
- ਇਸ ਖਰਚ ਦਾ ਪ੍ਰਬੰਧ ਸਰਬਤ ਖਾਲਸਾ ਕਰੇਗਾ।
- ਸਿਰੀ ਅਕਾਲ ਤਖਤ ਸੇਵਾ ਸੰਭਾਲ ਜਥੇ ਦਾ ਆਪਣਾ ਪ੍ਰਬੰਧਕੀ ਦਫਤਰ ਅਤੇ ਲੋੜੀਂਦਾ ਅਮਲਾ ਹੋਵੇਗਾ।

## ਅੰਤਿਕਾ : ਮੌਜੂਦਾ ਪ੍ਰਬੰਧ ਅਤੇ ਸੁਝਾਏ ਗਏ ਭਵਿੱਖਤ ਪ੍ਰਬੰਧ ਵਿੱਚ ਅੰਤਰ

| | **ਮੌਜੂਦਾ ਪ੍ਰਬੰਧ** | **ਸੁਝਾਇਆ ਗਿਆ ਭਵਿੱਖਤ ਪ੍ਰਬੰਧ** |
|---|---|---|
| **ਸਿਰੀ ਅਕਾਲ ਤਖਤ ਸਾਹਿਬ ਦੀ ਸੇਵਾ ਸੰਭਾਲ ਲਈ ਨਿਯੁਕਤੀ** | • ਨਿਯੁਕਤੀ ਸ਼੍ਰੋਮਣੀ ਕਮੇਟੀ ਵੱਲੋਂ<br>• ਵਾਗਡੋਰ ਇੱਕ ਰਾਜਨੀਤਕ ਦਲ ਕੋਲ<br>• ਇੱਕ ਧੜੇ / ਪਰਿਵਾਰ ਦੀ ਮਨਮਰਜ਼ੀ | • ਨਿਸ਼ਕਾਮ ਅਕਾਲੀ ਜਥਾ<br>• ਗੁਰਸੰਗਤ ਦਾ ਮਸ਼ਵਰਾ ਅਤੇ ਸਹਮਤੀ<br>• ਖਾਲਸਾ ਪੰਥ ਦੀ ਦਾ ਸਾਂਝਾ ਫੈਸਲਾ |
| **ਅਗਵਾਈ** | • ਜੱਥੇਦਾਰ ਦੀ ਨਿੱਜੀ ਅਗਵਾਈ<br>• ਨਿੱਜੀ ਮਤ ਨਾਲ ਫੈਸਲੇ<br>• ਬਿਨਾਂ ਵਿਚਾਰੇ ਬਿਆਨਬਾਜ਼ੀ | • ਅਕਾਲੀ ਜਥੇ ਦੀ ਸਾਂਝੀ ਅਗਵਾਈ<br>• ਜੱਥੇਦਾਰ ਜਥੇ ਦੀ ਪੰਚਾਇਣ ਦੀ ਤਾਬਿਆ<br>• ਜਥੇ ਦੇ ਸਾਂਝੇ ਬਿਆਨ ਦਾ ਵਕਤਾ |
| **ਫੈਸਲੇ ਲੈਣ ਦਾ ਤਰੀਕਾ** | • ਨਿੱਜੀ ਮਤ ਨਾਲ ਬੰਦ ਕਮਰੇ ਫੈਸਲੇ<br>• ਗੁਰਸੰਗਤ ਨਾਲ ਮਸ਼ਵਰਾ /ਸਹਮਤੀ ਨਹੀਂ<br>• ਖਾਲਸਾ ਪੰਥ ਦਾ ਸਮੂਹਿਕ ਫੈਸਲਾ ਨਹੀਂ | • ਫੈਸਲਿਆਂ ਚ ਪਾਰਦਰਸ਼ਤਾ<br>• ਗੁਰਸੰਗਤ ਨਾਲ ਸਲਾਹ ਮਸ਼ਵਰਾ<br>• ਸਰਬੱਤ ਖਾਲਸਾ ਜੀ ਦਾ ਫੈਸਲਾ |
| **ਸਰਬੱਤ ਖਾਲਸਾ ਨੂੰ ਸੰਚਾਲਿਤ ਕਰਦੀ ਪੰਚਾਇਣ** | • ਸਥਾਈ ਪੰਚਾਇਣ<br>• ਪੱਖਪਾਤੀ ਹੋਣ ਦੇ ਖਦਸ਼ੇ<br>• ਖੁਰਦੀ ਭਰੋਸੇਯੋਗਤਾ ਦੇ ਖਦਸ਼ੇ | • ਮੌਕੇ ਉੱਤੇ ਪੰਚਾਇਣ ਚੁਣਨ ਦਾ ਵਿਧਾਨ<br>• ਨਿਰਪੱਖਤਾ ਦੀ ਵਧੇਰੇ ਸੰਭਾਵਨਾ<br>• ਭਰੋਸੇਯੋਗਤਾ ਕਾਇਮ |
| **ਜੱਥੇਦਾਰ ਸਾਹਿਬਾਨ ਦੀ ਪਾਤਰਤਾ** | • ਰਾਜਨੀਤਕ ਪਾਰਟੀਆਂ ਅਤੇ ਧੜਿਆਂ ਦੀ ਮਨਮਰਜ਼ੀ ਅਨੁਸਾਰ | • ਪਾਤਰਤਾ ਖਾਲਸਾਈ ਪਰੰਪਰਾ ਅਤੇ ਗੁਰਮਤ ਅਨੁਸਾਰ |